ਦਫ਼ਤਰ ਜ਼ਿਲਾ ਲੋਕ ਸੰਪਰਕ ਅਫ਼ਸਰ, ਬਠਿੰਡਾ

ਮਨਪ੍ਰੀਤ ਸਿੰਘ ਬਾਦਲ ਨੇ ਡਾਕਟਰੀ ਅਮਲੇ, ਸਫਾਈ ਕਰਮਚਾਰੀਆਂ ਅਤੇ ਪੁਲਿਸ ਫੋਰਸ ਦਾ ਕੀਤਾ ਸ਼ੁਕਰਾਨਾ

ਦੇਸ਼ ਵਿਚ ਪਹਿਲੀ ਵਾਰ ਡਾਕਟਰਾਂ ਨੂੰ ਪੁਲਿਸ ਨੇ ਦਿੱਤਾ ਗਾਰਡ ਆਫ ਆਨਰ

ਕੋਵਿਡ 19 ਜੰਗ ਦੇ ਜੋਧਿਆਂ ਨੂੰ ਮੈਡਲਾਂ ਨਾਲ ਸਨਮਾਨਿਆ ਜਾਵੇਗਾ ਵਿੱਤ ਮੰਤਰੀ

ਬੰਠਿਡਾ, 6 ਅਪ੍ਰੈਲ

ਕੋਵਿਡ ਬਿਮਾਰੀ ਕਾਰਨ ਪੈਦਾ ਹੋਏ ਹਾਲਾਤਾਂ ਵਿਚ ਮੋਹਰਲੀਆਂ ਸਫਾਂ ਵਿਚ ਲੜਾਈ ਲੜਕੇ ਮਨੁੱਖੀ ਸਭਿਅਤਾ ਦੀ ਰਾਖੀ ਲਈ ਕੰਮ ਕਰ ਰਹੇ ਸਾਡੇ ਡਾਕਟਰੀ ਅਮਲੇ, ਸਫਾਈ ਕਰਮੀਆਂ ਅਤੇ ਪੁਲਿਸ ਫੋਰਸ ਦੇ ਜਵਾਨਾਂ ਦਾ ਸ਼ੁਕਰਾਨਾ ਕਰਨ ਲਈ ਪੰਜਾਬ ਦੇ ਵਿੱਤ ਮੰਤਰੀ ਸ: ਮਨਪ੍ਰੀਤ ਸਿੰਘ ਬਾਦਲ ਅੱਜ ਇੱਥੇ ਖੁਦ ਉਨਾਂ ਵਿਚਕਾਰ ਪੁੱਜੇ। ਇਸ ਮੌਕੇ ਸ: ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਕਿ ਇਹ ਦੇਸ਼ ਵਿਚ ਆਪਣੀ ਕਿਸਮ ਦਾ ਪਹਿਲਾ ਗਾਰਡ ਆਫ ਆਨਰ ਹੋਵੇਗਾ ਜਦੋਂ ਪੁਲਿਸ ਨੇ ਸਾਡੇ ਡਾਟਕਰਾਂ ਅਤੇ ਪੈਰਾਮੈਡੀਕਲ ਸਟਾਫ ਨੂੰ ਸਲਾਮੀ ਦੇ ਕੇ ਉਨਾਂ ਦਾ ਸਤਿਕਾਰ ਕੀਤਾ। ਇਸ ਮੌਕੇ ਡਾਕਟਰੀ ਅਮਲੇ ਨੂੰ ਸੰਬੋਧਨ ਹੁੰਦਿਆਂ ਸ: ਬਾਦਲ ਨੇ ਕਿਹਾ ਕਿ ਗਾਰਡ ਆਫ ਆਨਰ ਬਹਾਤਰਾਂ ਵਿਚੋਂ ਬਹਾਦਰ ਅਤੇ ਖਾਸ ਰੁਤਬਾ ਰਖਦੀਆਂ ਸਖ਼ਸੀਅਤਾਂ ਨੂੰ ਦਿੱਤਾ ਜਾਂਦਾ ਹੈ ਅਤੇ ਅੱਜ ਬਠਿੰਡਾ ਵਿਚ ਸਾਡੇ ਡਾਕਟਰੀ ਸਟਾਫ ਵੱਲੋਂ ਕਰੋਨਾ ਖਿਲਾਫ ਲੜਾਈ ਵਿਚ ਵਿਖਾਈ ਜਾ ਰਹੀ ਬਹਾਦਰੀ ਅਤੇ ਹੌਸਲੇ ਲਈ ਉਨਾਂ ਨੂੰ ਗਾਰਡ ਆਫ ਆਨਰ ਪੇਸ਼ ਕੀਤਾ ਗਿਆ ਹੈ। ਉਨਾਂ ਨੇ ਕਿਹਾ ਕਿ ਦੇਸ਼ ਭਰ ਵਿਚ ਡਾਕਟਰਾਂ ਦਾ ਧੰਨਵਾਦ ਕਰਨ ਦਾ ਇਹ ਤਰੀਕਾ ਦੁਹਰਾਇਆ ਜਾਣਾ ਚਾਹੀਦਾ ਹੈ ਤਾਂ ਜੋ ਅਸੀਂ ਸਾਡੇ ਇੰਨਾਂ ਯੋਧਿਆਂ ਦਾ ਸਨਮਾਨ ਕਰ ਸਕੀਏ।

ਵਿੱਤ ਮੰਤਰੀ ਨੇ ਕਿਹਾ ਕਿ ਉਹ ਸਮੂਹ ਪੰਜਾਬੀਆਂ ਵੱਲੋਂ ਸਾਡੇ ਡਾਕਟਰਾਂ, ਪੁਲਸ ਫੋਰਸ ਦੇ ਜਵਾਨਾਂ ਅਤੇ ਸਫਾਈ ਕਰਮਚਾਰੀਆਂ ਦਾ ਧੰਨਵਾਦ ਕਰਦੇ ਹਨ ਜੋ ਪੂਰੀ ਨਿਸ਼ਠਾ ਨਾਲ ਕਰੋਨਾ ਨੂੰ ਹਰਾਉਣ ਲਈ ਅੱਗੇ ਹੋ ਕੇ ਕੰਮ ਕਰ ਰਹੇ ਹਨ। ਉਨਾਂ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਉਹ ਆਪਣੇ ਮੋਹਰਲੀਆਂ ਸਫਾਂ ਵਿਚ ਕਰੋਨਾ ਖਿਲਾਫ ਲੜ ਰਹੇ ਸਾਡੇ ਸਮੂਹ ਸਟਾਫ ਦੇ ਨਾਲ ਖੜੇ ਹਨ ਅਤੇ ਪੰਜਾਬ ਸਰਕਾਰ ਅਤੇ ਰਾਜ ਦੇ ਸਮੂਹ ਲੋਕਾਂ ਵੱਲੋਂ ਇੰਨਾਂ ਦੇ ਵਿਲੱਖਣ ਯੋਗਦਾਨ ਲਈ ਇੰਨਾ ਦਾ ਸੁਕਰਾਨਾ ਕਰਦੇ ਹਨ।

ਸ: ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਕਿ ਹਰੇਕ ਜੰਗ ਤੋਂ ਬਾਅਦ ਬਹਾਦਰੀ ਨਾਲ ਲੜਨ ਵਾਲਿਆਂ ਨੂੰ ਮੈਡਲਾਂ ਨਾਲ ਨਿਵਾਜਿਆ ਜਾਂਦਾ ਹੈ ਅਤੇ ਕਰੋਨਾ ਖਿਲਾਫ ਸਾਡੀ ਇਸ ਜੰਗ ਦੇ ਮੁੱਕਣ ਤੇ ਵੀ ਇਸ ਯੁੱਧ ਦੇ ਯੋਧਿਆਂ ਨੂੰ ਵੀ ਯੋਗ ਮੈਡਲਾਂ ਅਤੇ ਸਨਮਾਨਾਂ ਨਾਲ ਨਿਵਾਜਿਆ ਜਾਵੇਗਾ।

ਇਸ ਮੌਕੇ ਸ: ਬਾਦਲ ਨੇ ਪੁਲਿਸ ਦੇ ਨਾਕਿਆਂ ਤੇ ਜਾ ਕੇ ਜਵਾਨਾਂ ਦੀ ਹੌਂਸਲਾ ਅਫਜਾਈ ਵੀ ਕੀਤੀ ਅਤੇ ਨਾਗਰਿਕਾਂ ਨੂੰ ਅਪੀਲ ਕੀਤੀ ਕਿ ਜੇਕਰ ਪੁਲਿਸ ਕਰਮਚਾਰੀ ਤੁਹਾਨੂੰ ਨਾਕਿਆਂ ਤੇ ਰੋਕਦੇ ਹਨ ਤਾਂ ਉਨਾਂ ਦਾ ਬੁਰਾ ਨਾ ਮਨਾਓ ਕਿਉਂਕਿ ਉਹ ਅਜਿਹਾ ਸਾਡੇ ਨਾਗਰਿਕਾਂ ਦੀ ਸਿਹਤ ਸੁਰੱਖਿਆ ਲਈ ਹੀ ਕਰ ਰਹੇ ਹਨ।

ਇਸੇ ਤਰਾਂ ਸਫਾਈ ਕਰਮਚਾਰੀਆਂ ਨਾਲ ਗੱਲਬਾਤ ਕਰਦਿਆਂ ਵਿੱਤ ਮੰਤਰੀ ਨੇ ਕਿਹਾ ਕਿ ਸਫਾਈ ਕਰਮੀ ਦਿਨ ਰਾਤ ਮਿਹਨਤ ਕਰ ਰਹੇ ਹਨ ਤਾਂ ਜੋ ਸਾਡਾ ਮੁਲਕ ਅਤੇ ਸਾਡਾ ਅਵਾਮ ਕਰੋਨਾ ਦੀ ਬਿਮਾਰੀ ਤੋਂ ਮੁਕਤ ਰਹੇ ਅਤੇ ਇਸ ਬਿਮਾਰੀ ਦਾ ਫੈਲਾਅ ਨਾ ਹੋਵੇ। ਸਫਾਈ ਕਰਮੀਆਂ ਨੂੰ ਸੰਬੋਧਨ ਹੁੰਦਿਆਂ ਵਿੱਤ ਮੰਤਰੀ ਨੇ ਕਿਹਾ, '' ਤੁਹਾਡੇ ਵੀ ਘਰ ਵਿਚ

ਬੱਚੇ ਹਨ, ਪਰ ਤੁਸੀਂ ਪੂਰੇ ਸਮਾਜ ਦੀ ਭਲਾਈ ਲਈ ਕੰਮ ਕਰ ਰਹੇ ਹੋ, ਮੈਂ ਤੁਹਾਨੂੰ ਸਲੂਟ ਕਰਦਾ ਹਾਂ"। ਉਨਾਂ ਨੇ ਕਿਹਾ ਕਿ ਬਠਿੰਡਾ ਵਿਚ ਬੇਸ਼ਕ ਹਜਾਰਾਂ ਦੀ ਗਿਣਤੀ ਵਿਚ ਸਫਾਈ ਕਰਮੀ ਹਨ ਪਰ ਸਮਾਜਿਕ ਦੂਰੀ ਬਣਾਈ ਰੱਖਣ ਅਤੇ ਕੰਮ ਵੀ ਪ੍ਰਭਾਵਿਤ ਨਾ ਹੋਵੇ ਇਸ ਲਈ ਉਹ ਸਫਾਈ ਕਰਮੀਆਂ ਦੇ ਪ੍ਰਤੀਨਿਧ ਸਮੂਹ ਨਾਲ ਗੱਲ ਕਰਕੇ ਉਨਾਂ ਦਾ ਧੰਨਵਾਦ ਕਰਨ ਆਏ ਹਨ। ਵਿੱਤ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਸਾਡੇ ਸਾਰੇ ਵਿਭਾਗਾਂ, ਵਰਕਰਾਂ ਅਤੇ ਸਾਡੇ ਲੋਕਾਂ ਦੇ ਨਾਲ ਹੈ ਜੋ ਇਸ ਬਿਮਾਰੀ ਖਿਲਾਫ ਜੰਗ ਲੜ ਰਹੇ ਹਨ।

ਇਸ ਮੌਕੇ ਜ਼ਿਲੇ ਦੇ ਡਿਪਟੀ ਕਮਿਸ਼ਨਰ ਸ੍ਰੀ ਬੀ ਸ੍ਰੀ ਨਿਵਾਸਨ, ਐਸ.ਐਸ.ਪੀ. ਡਾ: ਨਾਨਕ ਸਿੰਘ, ਕਮਿਸ਼ਨਰ ਨਗਰ ਨਿਗਮ ਸ੍ਰੀ ਬਿਕਰਮਜੀਤ ਸਿੰਘ ਸ਼ੇਰਗਿੱਲ, ਸ੍ਰੀ ਕੇ.ਕੇ ਅਗਰਵਾਲ ਚੇਅਰਮੈਨ ਨਗਰ ਸੁਧਾਰ ਟਰੱਸਟ, ਸ੍ਰੀ ਅਰੁਣ ਵਧਾਵਨ, ਸ੍ਰੀ ਜਗਰੂਪ ਸਿੰਘ ਗਿੱਲ, ਸ੍ਰੀ ਅਸੋਕ ਪ੍ਰਧਾਨ, ਸ੍ਰੀ ਪਵਨ ਮਾਨੀ, ਸ੍ਰੀ ਰਾਜਨ ਗਰਗ, ਸ੍ਰੀ ਬਲਜਿੰਦਰ ਠੇਕੇਦਾਰ, ਸ੍ਰੀ ਅਨਿਲ ਭੋਲਾ, ਸ੍ਰੀ ਮੋਹਨ ਲਾਲ ਝੂੰਬਾ, ਸ੍ਰੀ ਟਹਿਲ ਸਿੰਘ ਸੰਧੂ ਆਦਿ ਵੀ ਹਾਜਰ ਸਨ।



ਕਰੋਨਾ ਵਾਇਰਸ ਦੇ ਸੰਕਟ ਵਿਚ ਪੁਲਿਸ ਮੁਲਾਜ਼ਮਾਂ ਵਲੋਂ ਤਨਦੇਹੀ ਨਾਲ ਨਿਭਾਈਆਂ ਜਾਂ ਰਹੀਆਂ ਸੇਵਾਵਾਂ ਦੇ ਮੱਦੇਨਜ਼ਰ ਪੰਜਾਬ ਦੇ ਵਿੱਤ ਮੰਤਰੀ ਸ. ਮਨਪ੍ਰੀਤ ਸਿੰਘ ਬਾਦਲ ਉਨ੍ਹਾਂ ਨੂੰ ਸਲਿਊਟ ਕਰਦੇ ਹੋਏ।

PRESS NOTE NO. 2

## MANPREET BADAL SPEARHEADS EXPRESSION OF GRATITUDE TO MEDICS, COPS AND CLEANLINESS WORKERS

## FIRST-EVER POLICE GUARD OF HONOUR FOR MEDICS IN BATHINDA

## COVID-19 WARRIORS TO BE AWARDED MEDALS, SAYS FINANCE MINISTER

BATHINDA, APRIL 6

Spearheading efforts to express gratitude to those who are serving humanity so that the rest of the populace can stay safe, Punjab Finance Minister Mr. Manpreet Singh Badal on Monday reached out to medical and paramedical professionals, police personnel, and cleanliness workers in Bathinda.

“This is perhaps the first-ever guard of honour in India meant exclusively for the medical and paramedical professionals,” Manpreet Singh Badal said while addressing them at Bathinda today. The ‘Guard of Honour’ is meant for the bravest of the brave and visiting dignitaries. “And here in Bathinda, we have presented a guard of honour to doctors, medical and paramedical staff for their extraordinary bravery,” Manpreet Singh Badal said. I think everyone in the country will follow this practice of arranging a special guard of honour to express their appreciation and gratefulness.

The Finance Minister added that he was expressing the gratitude of all Punjabis to medics, police personnel, as well as cleanliness workers for their outstanding and extraordinary commitment and performance. The Finance Minister said that he was doing so following directions of the Punjab Chief Minister Capt. Amarinder Singh and he stands in front of all front line workers and first responders on behalf of the state government as well as the entire state populace to thank them for their extraordinary work.

Every war is followed by the grant of military honours, Manpreet Singh Badal said, adding that this practice would be followed at the end of the war against corona outbreak as well when the brave soldiers who fought against corona will be awarded medals and certificates of appreciation.

He complimented the police personnel for their inspiring work and appealed to all citizens to support the cops. “If a cop tells you to sit inside your home, please do not feel offended – Please listen to them,” Manpreet Singh Badal exhorted fellow citizens.

Similarly, the finance minister, while addressing cleanliness workers, stated that they are battling it out so that the nation can stay safe, and to help us thwart the further spread of the corona outbreak. “You too have kids at home, but you’ve decided to work for the betterment of the nation. I salute you,” he added. There are over a thousand cleanliness workers in Bathinda alone, but I am addressing only a few so as not to disrupt their work and maintain the principle of social distancing.

The Punjab Governments stands with all first responders, frontline workers, and unsung heroes of this war against COVID-19, the Finance Minister said.



ਵਿੱਤ ਮੰਤਰੀ ਸ. ਮਨਪ੍ਰੀਤ ਸਿੰਘ ਬਾਦਲ ਸਿਹਤ ਵਿਭਾਗ ਵਲੋਂ ਕਰੋਨਾਵਾਇਰਸ ਨੂੰ ਰੋਕਣ ਲਈ ਨਿਭਾਈਆਂ ਜਾ ਰਹੀਆਂ ਸੇਵਾਵਾਂ ਦਾ ਸਿਵਲ ਹਸਪਤਾਲ ਬਠਿੰਡਾ ਵਿਖੇ ਪਹੁੰਚ ਕੇ ਧੰਨਵਾਦ ਕਰਦੇ ਹੋਏ।




ਬਠਿੰਡਾ ਸ਼ਹਿਰ ਨੂੰ ਸੰਕਟ ਦੀ ਘੜੀ ਵਿਚ ਸਾਫ਼-ਸੁਥਰਾ ਰੱਖਣ ਦੇ ਲਈ ਅਹਿਮ ਯੋਗਦਾਨ ਪਾ ਰਹੇ ਸਫ਼ਾਈ ਸੇਵਕਾਂ ਦਾ ਫਾਇਰ ਬ੍ਰਿਗੇਡ ਚੌਂਕ ਵਿਖੇ ਪਹੁੰਚ ਕੇ ਧੰਨਵਾਦ ਕਰਦੇ ਹੋਏ ਪੰਜਾਬ ਦੇ ਵਿੱਤ ਮੰਤਰੀ ਸ. ਮਨਪ੍ਰੀਤ ਸਿੰਘ ਬਾਦਲ।

## ਦਫ਼ਤਰ ਜ਼ਿਲਾ ਲੋਕ ਸੰਪਰਕ ਅਫ਼ਸਰ, ਬਠਿੰਡਾ

## ਅਲਟ੍ਰਾਟੈਕ ਸੀਮਿੰਟ ਵਲੋਂ 1.90 ਲੱਖ ਦਾ ਰਾਸ਼ਨ ਭੇਟ

## ਡਿਪਟੀ ਕਮਿਸ਼ਨਰ ਨੇ ਕੀਤਾ ਵਿਸ਼ੇਸ਼ ਤੌਰ 'ਤੇ ਧੰਨਵਾਦ

ਬਠਿੰਡਾ, 6 ਅਪ੍ਰੈਲ : ਕਰੋਨਾ ਕਾਰਨ ਉਪਜੇ ਸੰਕਟ ਦੇ ਮੱਦੇਨਜ਼ਰ ਸਮਾਜ ਦਾ ਹਰ ਵਿਅਕਤੀ ਅਤੇ ਅਦਾਰਾ ਲੋੜਵੰਦਾਂ ਦੀ ਸਹਾਇਤਾ ਕਰ ਰਿਹਾ ਹੈ। ਇਸੇ ਲੜੀ ਤਹਿਤ ਅੱਜ ਅਲਟ੍ਰਾਟੈਕ ਸੀਮਿੰਟ ਪ੍ਰਾਈਵੇਟ ਲਿਮਟਿਡ ਲਹਿਰਾ ਮੁਹੱਬਤ ਵਲੋਂ 1.90 ਲੱਖ ਰੁਪਏ ਦਾ ਰਾਸ਼ਨ ਲੋੜਵੰਦਾਂ ਦੀ ਸਹਾਇਤਾ ਲਈ ਡਿਪਟੀ ਕਮਿਸ਼ਨਰ ਸ਼੍ਰੀ ਬੀ.ਸ੍ਰਨਿਵਾਸਨ ਨੂੰ ਭੇਂਟ ਕੀਤਾ। ਡਿਪਟੀ ਕਮਿਸ਼ਨਰ ਨੇ ਕੰਪਨੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਲੋਕਾਂ ਤੋਂ ਮਿਲ ਰਹੇ ਸਹਿਯੋਗ ਲਈ ਜ਼ਿਲਾ ਪ੍ਰਸ਼ਾਸਨ ਉਨਾਂ ਦਾ ਧੰਨਵਾਦੀ ਹੈ। ਉਨਾਂ ਨੇ ਜ਼ਿਲਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਖੁੱਲੇ ਦਿਲ ਨਾਲ ਲੋੜਵੰਦਾਂ ਦੀ ਮਦਦ ਕਰਨ।

ਇਸ ਮੌਕੇ ਜ਼ਿਲਾ ਉਦਯੋਗ ਕੇਂਦਰ ਦੇ ਜਨਰਲ ਮੈਨੇਜ਼ਰ ਸ੍ਰੀ ਦਰਸ਼ਨ ਸਿੰਘ, ਯੂਨਿਟ ਹੈਡ ਰਾਮ ਪ੍ਰਕਾਸ਼ ਨੌਲੱਖਾ, ਟੈਕਨੀਕਲ ਹੈਡ ਏ.ਆਰ. ਨਾਇਡੂ, ਐਚ.ਆਰ. ਸ਼੍ਰੀ ਮੁਕੇਸ਼ ਸ਼ਰਮਾ, ਸ੍ਰੀ ਪ੍ਰਦੀਪ ਸਿੰਘ ਅਤੇ ਸ਼੍ਰੀਧਰਵਿਆਸ ਸਿੰਘ ਆਦਿ ਵੀ ਹਾਜ਼ਰ ਸਨ।




ਅਲਟ੍ਰਾਟੈਕ ਸੀਮਿੰਟ ਪ੍ਰਾਈਵੇਟ ਲਿਮਟਿਡ ਲਹਿਰਾ ਮੁਹੱਬਤ ਵਲੋਂ 1.90 ਲੱਖ ਰੁਪਏ ਦਾ ਰਾਸ਼ਨ ਲੋੜਵੰਦਾਂ ਦੀ ਸਹਾਇਤਾ ਲਈ ਡਿਪਟੀ ਕਮਿਸ਼ਨਰ ਸ਼੍ਰੀ ਬੀ.ਸ੍ਰਨਿਵਾਸਨ ਬਠਿੰਡਾ ਨੂੰ ਭੇਂਟ ਕਰਦੇ ਹੋਏ।

ਦਫ਼ਤਰ ਜ਼ਿਲਾ ਲੋਕ ਸੰਪਰਕ ਅਫ਼ਸਰ, ਬਠਿੰਡਾ

ਕੋਵਿਡ 19

ਬਠਿੰਡਾ ਜ਼ਿਲੇ ਦੇ 44 ਨਮੂਨਿਆਂ ਦੀ ਰਿਪੋਟ ਆਈ ਨੈਗੇਟਿਵ ਡਿਪਟੀ ਕਮਿਸ਼ਨਰ

16 ਹਜਾਰ ਪਰਿਵਾਰਾਂ ਨੂੰ ਵੰਡੀ ਕਣਕ

79 ਹਜਾਰ ਲੋਕਾਂ ਨੂੰ ਪੈਨਸ਼ਨ ਨਗਦੀ ਰੂਪ ਵਿਚ ਦਿੱਤੀ

ਬੰਠਿਡਾ, 6 ਅਪ੍ਰੈਲ

ਜ਼ਿਲੇ ਦੇ ਡਿਪਟੀ ਕਮਿਸ਼ਨਰ ਸ੍ਰੀ ਬੀ ਸ੍ਰੀ ਨਿਵਾਸਨ ਆਈ.ਏ.ਐਸ. ਨੇ ਦੱਸਿਆ ਹੈ ਕਿ ਜ਼ਿਲੇ ਦੇ 44 ਲੋਕਾਂ ਦੇ ਕਰੋਨਾਂ ਸਬੰਧੀ ਹੋਏ ਟੈਸਟ ਦੀ ਰਿਪੋਟ ਪ੍ਰਾਪਤ ਹੋਈ ਹੈ ਅਤੇ ਰਿਪੋਟ ਅਨੁਸਾਰ ਇੰਨਾਂ ਵਿੱਚ ਕਰੋਨਾ ਦੇ ਲੱਛਣ ਨਹੀਂ ਪਾਏ ਗਏ ਹਨ। ਉਨਾਂ ਨੇ ਦੱਸਿਆ ਕਿ ਫਿਲਹਾਲ ਬਠਿੰਡਾ ਜ਼ਿਲੇ ਵਿਚ ਕਰੋਨਾ ਵਾਇਰਸ ਤੋਂ ਪੀੜਤ ਕੋਈ ਮਰੀਜ ਨਹੀਂ ਹੈ ਪਰ ਜ਼ਿਲੇ ਦੇ ਲੋਕ ਇਸੇ ਤਰਾਂ ਸਹਿਯੋਗ ਬਣਾਈ ਰੱਖਣ ਤਾਂ ਜੋ ਇਸ ਖਤਰਨਾਕ ਬਿਮਾਰੀ ਦੇ ਪਸਾਰ ਨੂੰ ਰੋਕਿਆ ਜਾ ਸਕੇ। ਉਨਾਂ ਨੇ ਕਿਹਾ ਕਿ ਲੋਕਾਂ ਦੇ ਸਹਿਯੋਗ ਨਾਲ ਹੀ ਅਸੀਂ ਇਹ ਜੰਗ ਜਿੱਤ ਸਕਦੇ ਹਾਂ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਹ ਸਾਡੇ ਸਭ ਲਈ ਔਖਾ ਵੇਲਾ ਹੈ ਪਰ ਪੰਜਾਬ ਸਰਕਾਰ ਵੱਲੋਂ ਹਰ ਇਕ ਯਤਨ ਕੀਤਾ ਜਾ ਰਿਹਾ ਹੈ ਕਿ ਸਾਡੇ ਲੋਕਾਂ ਨੂੰ ਕੋਈ ਮੁਸਕਿਲ ਨਾ ਆਵੇ। ਉਨਾਂ ਨੇ ਦੱਸਿਆ ਕਿ ਜ਼ਿਲੇ ਵਿਚ ਜਿੱਥੇ ਲੋੜਵੰਦ ਲੋਕਾਂ ਨੂੰ ਰਾਸ਼ਨ ਦਿੱਤਾ ਜਾ ਰਿਹਾ ਹੈ ਉਥੇ 30 ਹਜਾਰਾਂ ਲੋਕਾਂ ਨੂੰ ਪੱਕਿਆ ਹੋਇਆ ਭੋਜਨ ਵੀ ਸਾਡੇ ਸਮਾਜ ਸੇਵੀਆਂ ਦੇ ਮਾਰਫ਼ਤ ਰੋਜਾਨਾ ਦਿੱਤਾ ਜਾ ਰਿਹਾ ਹੈ। ਇਸ ਮੌਕੇ ਉਨਾਂ ਨੇ ਹੋਰ ਦੱਸਿਆ ਕਿ ਜਨਤਕ ਵੰਡ ਪ੍ਰਣਾਲੀ ਸਕੀਮ ਦੇ ਲਾਭਪਾਤਰੀਆਂ ਨੂੰ ਜ਼ਿਲੇ ਵਿਚ ਕਣਕ ਦੀ ਵੰਡ ਕੀਤੀ ਜਾ ਰਹੀ ਹੈ। ਇਸ ਤਹਿਤ ਸੋਮਵਾਰ ਸ਼ਾਮ ਤੱਕ ਜ਼ਿਲੇ ਵਿਚ 16132 ਪਰਿਵਾਰਾਂ ਨੂੰ 18100 ਕੁਇੰਟਲ ਕਣਕ ਦੀ ਵੰਡ ਕੀਤੀ ਜਾ ਚੁੱਕੀ ਹੈ। ਇਸੇ ਤਰਾਂ ਜ਼ਿਲੇ ਵਿਚ ਇਕ ਤਿਹਾਈ ਬੈਂਕਾਂ ਵਾਰੋ ਵਾਰੀ ਖੋਲੀਆਂ ਜਾ ਰਹੀਆਂ ਹਨ ਅਤੇ ਪਿੱੱਛਲੇ ਤਿੰਨ ਕੰਮਕਾਜੀ ਦਿਨਾਂ ਦੌਰਾਨ 79911 ਲੋਕਾਂ ਨੂੰ ਪੈਨਸ਼ਨਾਂ ਨਗਦੀ ਰੂਪ ਵਿਚ ਬੈਂਕਿੰਗ ਸੈਕਟਰ ਰਾਹੀਂ ਦਿੱਤੀ ਜਾ ਚੁੱਕੀ ਹੈ। ਉਨਾਂ ਨੇ ਦੱਸਿਆ ਕਿ ਬਹੁਤ ਜਲਦੀ ਸਾਰੇ ਲਾਭਪਾਤਰੀਆਂ ਨੂੰ ਪੈਨਸ਼ਨ ਵੰਡ ਹੋ ਜਾਵੇਗੀ। ਉਨਾਂ ਨੇ ਕਿਹਾ ਕਿ ਇਸ ਤੋਂ ਬਿਨਾਂ ਏਟੀਐਮ ਰੋਜਾਨਾ ਖੁੱਲ ਰਹੇ ਹਨ ਤਾਂ ਜੋ ਲੋਕਾਂ ਕੋਲ ਨਗਦੀ ਪ੍ਰਵਾਹ ਦੀ ਕਮੀ ਨਾ ਆਵੇ।

ਦਫ਼ਤਰ ਜ਼ਿਲਾ ਲੋਕ ਸੰਪਰਕ ਅਫ਼ਸਰ, ਬਠਿੰਡਾ

ਕੋਵਿਡ 19

ਬਠਿੰਡਾ ਦੇ ਐਸਐਸਡੀ ਸਕੂਲ ਨੂੰ ਖੁੱਲੀ ਜ਼ੇਲ ਐਲਾਣਿਆ

ਨਾਗਰਿਕਾਂ ਨੂੰ ਘਰਾਂ ਅੰਦਰ ਰਹਿਣ ਦੀ ਅਪੀਲ

ਬੰਠਿਡਾ, 6 ਅਪ੍ਰੈਲ

ਜ਼ਿਲੇ ਦੇ ਡਿਪਟੀ ਕਮਿਸ਼ਨਰ ਸ੍ਰੀ ਬੀ ਸ੍ਰੀ ਨਿਵਾਸਨ ਆਈ.ਏ.ਐਸ. ਨੇ ਅੱਜ ਇਕ ਵਿਸੇਸ਼ ਹੁਕਮ ਜਾਰੀ ਕਰਕੇ ਬਠਿੰਡਾ ਦੇ ਐਸ.ਐਸ.ਡੀ. ਸੀਨਿਅਰ ਸੈਕੰਡਰੀ ਸਕੂਲ, ਨੇੜੇ ਗੋਲ ਡਿੱਗੀ, ਬਠਿੰਡਾ ਨੂੰ ਓਪਨ ਜ਼ੇਲ ਐਲਾਣਿਆ ਗਿਆ ਹੈ ਤਾਂ ਜੋ ਕਰਫਿਊ ਤੋੜਨ ਵਾਲੇ ਲੋਕਾਂ ਨੂੰ ਇੱਥੇ ਰੱਖਿਆ ਜਾ ਸਕੇ। ਉਨਾਂ ਨੇ ਜ਼ਿਲਾ ਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਕਰਫਿਊ ਲੋਕ ਹਿੱਤ ਨੂੰ ਧਿਆਨ ਵਿਚ ਰੱਖਦਿਆਂ ਲਗਾਇਆ ਗਿਆ ਹੈ ਅਤੇ ਸਾਰੇ ਲੋਕ ਇਸ ਦਾ ਸਖ਼ਤੀ ਨਾਲ ਪਾਲਣ ਕਰਨ। ਉਨਾਂ ਨੇ ਕਿਹਾ ਕਿ ਕਰੋਨਾ ਦੇ ਖਤਰੇ ਤੋਂ ਬਚਾਓ ਦਾ ਇਕੋ ਤਰੀਕੇ ਘਰ ਰਹਿਣਾ ਹੈ ਅਤੇ ਲੋਕ ਪ੍ਰਸ਼ਾਸਨ ਦੀ ਅਪੀਲ ਨੂੰ ਮੰਨਦੇ ਹੋਏ ਘਰਾਂ ਦੇ ਅੰਦਰ ਹੀ ਰਹਿਣ।